# ਡਾਇਰੈਕਟਰ ਜਨਰਲ ਸਕੂਲ ਸਿੱਖਿਆ ਅਤੇ ਸਟੇਟ ਪ੍ਰੋਜੈਕਟ ਡਾਇਰੈਕਟਰ
# ਦਫ਼ਤਰ ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)


ਐਸ.ਸ਼ੀ.ਓ. ਨੰ: 104-106, ਦੂਸਰੀ ਅਤੇ ਤੀਸਰੀ ਮੰਜ਼ਿਲ, ਸੈਕਟਰ - 34-A, ਚੰਡੀਗੜ

| **ਟੈਲੀਫੋਨ** | **ਫੈਕਸ** | **ਈ-ਮੇਲ** |
|---|---|---|
| 2621104 | 2624687 | ssapunjab_egs@yahoo.co.in |
| 2621106 | 2623206 | egspunjab@gmail.com |


ਵੱਲ:

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਐ.ਸਿ)
ਪੰਜਾਬ।

ਮੀਮੋ ਨੰ: ਸਸਅ/ਏ.ਆਈ.ਈ/ਓ.ਓ.ਐਸ.ਸੀ/2010-11/**39217-39236**
ਮਿੱਤੀ ਚੰਡੀਗੜ੍ਹ: **28/05/10**

**ਵਿਸ਼ਾ:-** **ਰਾਜ ਵਿਚ ਫਾਰਮਲ ਸਕੂਲਾਂ ਵਿਚ ਮੇਨਸਟਰੀਮ ਹੋਏ ਅਤੇ ਏ.ਆਈ.ਈ ਕੇਂਦਰਾਂ ਵਿਚ ਪੜ੍ਹਦੇ ਬੱਚਿਆਂ ਨੂੰ ਟਰਾਂਸਪੋਟੇਸ਼ਨ ਦੀ ਸੁਵਿਧਾ ਮੁਹਇਆ ਕਰਵਾਉਣ ਬਾਰੇ।**

**ਹਵਾਲਾ:-** ਇਸ ਦਫ਼ਤਰ ਵਲੋਂ ਜਾਰੀ ਪੂਰਵ ਪੱਤਰ ਨੰ: ਸਸਅ/ਡਿ.ਐਸ.ਪੀ.ਡੀ(ਕੇ)/ਓ.ਓ.ਐਸ.ਸੀ/2010-11/ 31430-31449 ਮਿਤੀ 1/04/2010 ਦੀ ਲਗਾਤਾਰਤਾ ਵਿਚ।

**1.0** ਮਿਤੀ 11-05-2010 ਨੂੰ ਰਾਜ ਦੇ ਸਮੂਹ ਏ.ਆਈ.ਈ ਕੋਆਰਡੀਨੇਟਰਾਂ ਨਾਲ ਹੋਈ ਮਹੀਨਾਵਾਰ ਰੀਵਿਊ ਮੀਟਿੰਗ ਦੌਰਾਨ ਸਾਲ 2009-10 ਤੋਂ ਮੇਨਸਟਰੀਮ ਹੋਏ ਅਤੇ ਸਾਲ 2010-11 ਦੌਰਾਨ ਏ.ਆਈ.ਈ ਕੇਂਦਰਾਂ ਵਿਚ ਦਾਖਲ ਹੋਏ ਬੱਚਿਆਂ, ਜਿਨ੍ਹਾ ਦੀ ਘਰ ਤੋਂ ਸਕੂਲ ਤੱਕ ਦੀ ਦੂਰੀ 2 ਤੋਂ ਜਿਆਦਾ ਕਿ.ਮੀ. ਹੈ ਨੂੰ ਆਵਾਜਾਈ ਦੀ ਸੁਵਿਧਾ ਦੇਣ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ।

**2.0** ਮੀਟਿੰਗ ਵਿਚ ਹਾਜ਼ਰ ਏ.ਆਈ.ਈ ਕੋਆਰਡੀਨੇਟਰਾਂ ਵਲੋਂ ਦਸਿਆ ਕਿ ਬੁਹਤ ਸਾਰੇ ਬੱਚੇ ਜੋ ਕਿ ਏ.ਆਈ.ਈ ਕੇਂਦਰਾਂ ਵਿਚ ਪੜ੍ਹਦੇ ਸਨ ਅਤੇ ਹੁਣ ਮੇਨਸਟਰੀਮ ਹੋਣ ਦੇ ਯੋਗ ਹਨ ਉਹਨਾਂ ਨੂੰ ਨੇੜੇ ਲਗਦੇ ਸਰਕਾਰੀ ਸਕੂਲਾਂ ਵਿਚ ਦਾਖਲ ਕਰਵਾਉਣਾ ਹੈ ਪਰਤੂੰ ਇਹਨਾ ਬੱਚਿਆਂ ਦੀ ਸਕੂਲ ਤੋਂ ਘਰ ਦੀ ਦੂਰੀ ਜ਼ਿਆਦਾ ਹੋਣ ਕਰਕੇ ਕਈ ਵਾਰ ਇਹ ਬੱਚੇ ਸਕੂਲ ਨਹੀਂ ਜਾਂਦੇ।

**3.0** ਮੀਟਿੰਗ ਦੌਰਾਨ ਜ਼ਿਆਦਾਤਰ ਜ਼ਿਲ੍ਹਾ ਏ.ਆਈ.ਈ ਕੋਆਰਡੀਨੇਟਰਾਂ ਵਲੋਂ ਬੱਚਿਆਂ ਦੇ ਹਿੱਤ ਵਿਚ ਇਹ ਸੁਝਾਅ ਦਿਤਾ ਗਿਆ ਕਿ ਜੇਕਰ ਇਹਨਾਂ ਬੱਚਿਆਂ ਨੂੰ ਆਵਾਜਾਈ ਦੀ ਸਹੂਲਤ ਮੁਹਇਆ ਕਰਵਾ ਦਿੱਤੀ ਜਾਵੇ ਤਾਂ ਇਹ ਬੱਚੇ ਇਕ ਦਮ ਸਕੂਲ ਵਿਚ ਜਾਣ ਲੱਗ ਪੈਣਗੇ ਅਤੇ ਇਸ ਤਰਾਂ ਬੱਚੇ ਮੁੜ ਤੋਂ ਡਰਾਪ ਆਊਟ ਵੀ ਨਹੀ ਹੋਣਗੇ।

**4.0** ਜ਼ਿਲ੍ਹਾ ਏ.ਆਈ.ਈ ਕੋਆਰਡੀਨੇਟਰਾਂ ਦੇ ਸੁਝਾਅ ਅਤੇ ਬੱਚਿਆਂ ਦੀ ਪੜਾਈ ਦੇ ਹਿੱਤ ਨੂੰ ਧਿਆਨ ਵਿਚ ਰੱਖਦੇ ਹੋਏ ਲੋੜਵੰਦ ਬੱਚਿਆਂ ਨੂੰ ਆਵਾਜਾਈ ਦੀ ਸੁਵਿਧਾ ਦੇਣ ਲਈ ਦਿਸ਼ਾ ਨਿਰਦੇਸ਼ ਹੇਠ ਅਨੁਸਾਰ ਹਨ:-

**I.** ਇਹ ਸੁਵਿਧਾ ਸਿਰਫ ਉਹਨਾ ਬੱਚਿਆਂ ਨੂ ਹੀ ਦਿੱਤੀ ਜਾਵੇ ਜਿਨ੍ਹਾ ਦਾ ਘਰ ਤੋਂ ਸਕੂਲ ਤੱਕ ਦਾ ਫਾਸਲਾ 2 ਕਿ.ਮੀ. ਤੋ ਵੱਧ ਹੈ।

**II.** ਇਸ ਸੁਵਿਧਾ ਅਨੁਸਾਰ ਪ੍ਰਤੀ ਬੱਚਾ ਵੱਧ ਤੋਂ ਵੱਧ 250 ਰੁਪਏ ਪ੍ਰਤੀ ਮਹੀਨਾ ਜਾਂ ਅਸਲ ਦੋਨਾ ਚੋ ਜੋ ਵੀ ਘੱਟ ਹੋਵੇ ਦਿਤਾ ਜਾਵੇਗਾ।

**III.** ਇਸ ਸੁਵਿਧਾ ਲਈ ਰਿਕਸ਼ਾ/ਆਟੋ ਰਿਕਸ਼ਾ ਜਾਂ ਬੱਸ ਦੀ ਵਰਤੋਂ ਕੀਤੀ ਜਾਵੇਗੀ।

**IV.** ਇਸ ਸੁਵਿਧਾ ਦਾ ਸਮੂਹ ਖਰਚ ਏ.ਆਈ.ਈ ਮੱਦ ਵਿਚੋ ਕੀਤਾ ਜਾਵੇਗਾ।

**V.** ਇਹ ਖਰਚਾ ਪਸਵਕ ਪੱਧਰ ਤੇ ਨਿਯਮਾਂ ਅਨੁਸਾਰ ਕੀਤਾ ਜਾਵੇ।

**VI.** ਬੱਚਿਆਂ ਨੂੰ ਦਿੱਤੀ ਆਵਾਜਾਈ ਸਬੰਧੀ ਸਮੂਹ ਰਿਕਾਰਡ ਨਾਲ ਨੱਥੀ ਪ੍ਰੋਫਾਰਮਾ ਅਨੁਲਗ `**ੳ**' ਅਨੁਸਾਰ ਰੱਖਿਆ ਜਾਵੇ।

**VII.** ਇਹ ਅਵਾਜਾਈ ਦੀ ਸੁਵਿਧਾ 31 ਮਾਰਚ 2011 ਤੱਕ ਹੀ ਦਿਤੀ ਜਾਵੇਗੀ।

**2.0** ਉਪਰੋਕਤ ਅਨੁਸਾਰ ਬੱਚਿਆਂ ਨੂੰ ਆਵਾਜਾਈ ਦੀ ਸੁਵਿਧਾ ਦੇਣ ਲਈ ਲੋੜੀਂਦੀ ਕਾਰਵਾਈ ਤੁਰੰਤ ਕੀਤੀ ਜਾਵੇ।

**3.0** ਇਹ ਵੀ ਯਕੀਨੀ ਬਣਾਇਆ ਜਾਵੇ ਕੀ ਮੇਨਸਟਰੀਮ ਹੋਏ ਬੱਚਿਆਂ ਵਿਚੋਂ ਕੋਈ ਵੀ ਬੱਚਾ ਮੁੜ ਤੋਂ ਸਕੂਲੋਂ ਵੇਰਵਾ ਨਾ ਹੋ ਜਾਵੇ ਕਿਉਕਿ ਉਹਨਾਂ ਬੱਚਿਆ ਨੂੰ ਸਕੂਲ ਵਿਚ ਦਾਖਲ ਰੱਖ ਕੇ ਹੀ ਪੜਾਉਣਾ ਹੈ।

**-ਸਹੀ-**
**ਸਟੇਟ ਪ੍ਰਾਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ।**